# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ

**ਈ-ਬਲਾਕ, ਚੋਥੀ ਮੰਜ਼ਿਲ, ਪੰ.ਸ.ਸਿੱ.ਬੋ. ਫੇਸ-8, ਮੋਹਾਲੀ**

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)/(ਐ.ਸਿੱ)
ਪੰਜਾਬ।

ਹੁਕਮ ਨੰ. ਸਟੈਨੋ/ਡੀ.ਡੀ.ਐਸ.ਏ/ਬਦਲੀ/ਸਪੈਸ਼ਲ-1
ਮਿਤੀ: 16.05.2014

ਵਿਸ਼ਾ: **ਸਾਲ 2014-15 ਦੌਰਾਨ ਸਿੱਖਿਆ ਵਿਭਾਗ ਵਿੱਚ ਬਦਲੀਆਂ ਸਬੰਧੀ ਹਦਾਇਤਾਂ।**

1. ਉਪਰੋਕਤ ਵਿਸ਼ੇ ਸਬੰਧੀ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ (ਸੈ./ਐ.ਸਿੱ), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਸਾਲ 2014-15 ਦੀ ਬਦਲੀਆਂ ਸਬੰਧੀ ਨੀਤੀ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਜੀ।

2. ਜਿਲ੍ਹੇ ਵਿਚ ਬਦਲੀਆਂ ਲਈ ਬਿਨੈ ਪੱਤਰ ਮਿਤੀ 17/05/2014 ਤੋਂ ਮਿਤੀ 26/05/2014 ਤੱਕ ਮੰਗੇ ਜਾਂਦੇ ਹਨ। ਇਨ੍ਹਾਂ ਮਿਤੀਆਂ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਅੰਤਰ ਜਿਲ੍ਹਾ ਬਦਲੀਆਂ ਲਈ ਬਿਨੈ ਪੱਤਰ ਲੈਣ ਦੀ ਮਿਤੀ ਬਾਅਦ ਵਿਚ ਦੱਸੀ ਜਾਵੇਗੀ।

3. ਸਕੂਲ/ਦਫਤਰ/ਸੰਸਥਾਂ ਮੁੱਖੀ ਸਿਰਫ ਬਦਲੀਆਂ ਲਈ ਉਨ੍ਹਾਂ ਇਛੁੱਕ ਕਰਮਚਾਰੀਆਂ ਦੇ ਬਿਨੈ ਪੱਤਰ ਤਸਦੀਕ ਕਰਨਗੇ ਜ਼ੋ ਬਦਲੀ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।

4. 3 ਸਾਲ ਦੀ ਠਹਿਰ ਤੋਂ ਛੋਟ ਵਾਲੀ ਕੈਟਾਗਿਰੀ ਅਧੀਨ ਅਪਲਾਈ ਕਰਨ ਵਾਲੇ ਸਾਰੇ ਕਰਮਚਾਰੀਆਂ ਦੇ ਪਾਲਿਸੀ ਅਨੁਸਾਰ ਮੰਗੇ ਗਏ ਕੈਟਾਗਿਰੀ ਨਾਲ ਸਬੰਧਤ ਸਾਰੇ ਦਸਤਾਵੇਜ਼ਾਂ ਬਾਰੇ ਸਰਟੀਫਿਕੇਟ ਦੇਣਗੇ ਕਿ ਖੁਦ ਸਾਰੇ ਦਸਤਾਵੇਜ਼ ਚੈੱਕ ਕਰ ਲਏ ਹਨ।

5. ਪਾਲਿਸੀ ਅਧੀਨ ਹੋਈਆਂ ਆਮ ਬਦਲੀਆਂ ਨੂੰ ਹਰ ਹਾਲਤ ਵਿਚ ਮਿੱਥੇ ਸਮੇਂ ਵਿਚ ਲਾਗੂ ਕੀਤਾ ਜਾਵੇ।

6. ਦਫਤਰ ਜਿਲ੍ਹਾ ਸਿੱਖਿਆ ਵੱਲੋਂ ਅਲੱਗ ਅਲੱਗ ਕੰਪੋਨੈਂਟਸ ਦੇ ਪ੍ਰੋਫਾਰਮਿਆਂ ਨੂੰ ਅੱਗੇ ਲਿਖੇ ਅਨੁਸਾਰ ਅਲੱਗ ਅਲੱਗ ਲੜੀ ਨੰਬਰਾਂ ਦੀਆਂ ਲੜੀਆਂ ਸ਼ੁਰੂ ਕਰਕੇ ਲਗਾਤਾਰ ਨੰਬਰ ਲਾਏ ਜਾਣਗੇ, ਜਿਵੇਂ

ਐਸ.ਐਸ.ਏ. (ਪ੍ਰਾਇਮਰੀ) 1001 ਤੋਂ, ਐਸ.ਐਸ.ਏ.(ਅੱਪਰ ਪ੍ਰਾਇਮਰੀ) 2001 ਤੋਂ, ਰਮਸਾ 3001 ਤੋਂ, ਆਈ.ਸੀ.ਟੀ. 4001 ਤੋਂ, ਮਿਡ ਡੇ ਮੀਲ 5001 ਤੋਂ, ਮਾਡਲ ਸਕੂਲ 6001 ਤੋਂ ਆਦਰਸ਼ ਸਕੂਲ 6501 ਤੋਂ, ਵਿਭਾਗੀ (ਪ੍ਰਾਇਮਰੀ) 7001 ਤੋਂ, ਵਿਭਾਗੀ (ਸੈਕੰਡਰੀ) 8001 ਤੋਂ ।

7. ਬਿਨੈ ਪੱਤਰਾਂ ਸਬੰਧੀ ਵੇਰਵੇ ਭੇਜਣ ਸਮੇਂ ਹਰ ਰੋਜ਼ ਦਾ ਡਾਟਾ ਕੇਡਰ/ਵਿਸ਼ੇ ਵਾਇਜ਼ ਸਬੰਧਤ ਐਕਸਲ ਪ੍ਰਫਾਰਮੇ ਵਿਚ ਭਰਕੇ ਭੇਜਿਆ ਜਾਵੇ ਅਤੇ ਆਖੀਰ ਵਿਚ ਸਾਰੇ ਬਦਲੀਆਂ ਦੇ ਬਿਨੈ ਪੱਤਰਾਂ ਦੇ ਪਹਿਲੇ ਪੰਨੇ ਨੂੰ ਸਕੇਨ ਕਰਕੇ ਭੇਜਿਆ ਜਾਵੇ।

8. ਬਦਲੀ ਲਈ ਬਿਨੈ ਪੱਤਰ ਦਾ ਪ੍ਰਫਾਰਮਾਂ ਅਤੇ 3 ਸਾਲ ਦੀ ਠਹਿਰ ਤੋਂ ਛੋਟ ਲੈਣ ਸਬੰਧੀ ਪ੍ਰੋਫਾਰਮਾਂ ਨਾਲ ਨੱਥੀ ਕਰਕੇ ਭੇਜੇ ਜਾਂਦੇ ਹਨ।

9. ਐਕਸਲ ਪ੍ਰੋਫਾਰਮਿਆਂ ਦੀ ਸਾਫਟ ਕਾਪੀ ਅਤੇ ਬਿਨੈ ਪੱਤਰਾਂ ਦੇ ਪਹਿਲੇ ਪੰਨੇ ਦੀ ਸਕੇਨ ਕਾਪੀ ਭੇਜਣ ਵਿਚ ਜਿਲ੍ਹਾ ਐਮ.ਆਈ.ਐਸ. ਕੁਆਡੀਨੇਟਰ ਅਤੇ ਜਿਲ੍ਹਾ ਆਈ.ਸੀ.ਟੀ. ਕੁਆਡੀਨੇਟਰ ਸਹਾਇਤਾ ਕਰਨਗੇ।

**ਸਹੀ/-**
**ਡਿਪਟੀ ਡਾਇਰੈਕਟਰ (ਸ.ਪ੍ਰ)**
**ਪੰਜਾਬ**

**ਪਿ.ਅੰ.ਨੰ.** ਸਟੈਨੋ/ਡੀ.ਡੀ.ਐਸ.ਏ/ਬਦਲੀ/ਸਪੈਸ਼ਲ-1 **ਮਿਤੀ:** 16.05.2014

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(1) ਨਿੱਜੀ ਸਕੱਤਰ, ਸਿੱਖਿਆ ਮੰਤਰੀ, ਪੰਜਾਬ।

(2) ਨਿੱਜੀ ਸਕੱਤਰ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ, ਪੰਜਾਬ।

(3) ਪੀ.ਏ., ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।

(4) ਪੀ.ਏ., ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।

(5) ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।

**ਸਹੀ/-**
**ਡਿਪਟੀ ਡਾਇਰੈਕਟਰ (ਸ.ਪ੍ਰ)**
**ਪੰਜਾਬ**